# ਏਕੋਲ ਟੈਂਪਲਟਨ ਹੱਥ-ਪੁਸਤਕ

2025-2026

## ਸਕੂਲ ਸਮਾਂ ਸੂਚੀ

ਸਾਡਾ ਸਕੂਲ ਇੱਕ ਸੰਤੁਲਿਤ ਸਮਾਂ ਸੂਚੀ ਦਾ ਪਾਲਨ ਕਰਦਾ ਹੈ। ਕਿੰਡਰਗਾਰਟਨ ਇਸ ਸੂਚੀ ਤੋ ਬਾਹਰ ਹੈ ਤੇ ਇਸ ਦਾ ਸਮਾਂ ਅੱਧੇ ਦਿਨ ਦਾ ਹੀ ਹੈ।

8:45 - ਸਕੂਲ ਦੇ ਖੇਡ ਮੈਦਾਨ ਵਿੱਚ ਨਿਗਰਾਨੀ ਮੌਜੂਦ ਹੋਵੇਗੀ। **ਇਸ ਤੋਂ ਪਹਿਲਾਂ ਆਪਣੇ ਬੱਚੇ ਨੂੰ ਸਕੂਲ ਨਾ ਛੱਡੋ।**

8:55 - ਘੰਟੀ ਵੱਜਦੀ ਹੈ ਤੇ ਵਿਦਿਆਰਥੀ ਸਕੂਲ ਵਿੱਚ ਦਾਖਲ ਹੁੰਦੇ ਹਨ।

9:05 - ਸਵੇਰ ਦੀਆਂ ਘੋਸ਼ਣਾਵਾਂ

10:40 - 10:55 - ਭੋਜਨ ਅੰਤਰਾਲ

10:55 – 11:20 - ਬਾਹਰੀ ਖੇਡ ਅੰਤਰਾਲ

12:55 – 1:50 - ਦੁਪਹਿਰ ਦਾ ਭੋਜਨ ਤੇ ਬਾਹਰੀ ਖੇਡ ਅੰਤਰਾਲ

3:30 – ਛੁੱਟੀ

ਕਿੰਡਰਗਾਰਟਨ ਵਿੱਚ ਵਿਦਿਆਰਥੀ ਸਵੇਰ ਜਾਂ ਦੁਪਹਿਰ ਦੀ ਕਲਾਸ ਵਿੱਚ ਦਾਖਲ ਹੁੰਦੇ ਹਨ

ਕਿੰਡਰਗਾਰਟਨ ਵਿੱਚ ਸਵੇਰ ਦੀ ਕਲਾਸ 8:55 ਤੋਂ 11:25 ਤੱਕ ਹੁੰਦੀ ਹੈ।

ਕਿੰਡਰਗਾਰਟਨ ਵਿੱਚ ਦੁਪਹਿਰ ਦੀ ਕਲਾਸ 12:55 ਤੋਂ 3:30 ਤੱਕ ਹੁੰਦੀ ਹੈ। 12:50 ਤੋਂ ਪਹਿਲਾਂ ਆਪਣੇ ਬੱਚੇ ਨੂੰ ਸਕੂਲ ਨਾ ਛੱਡੋ।

## ਦਫ਼ਤਰ ਦਾ ਸਮਾਂ:

ਸਾਡੇ ਸਕੂਲ ਦਾ ਦਫ਼ਤਰ ਸਵੇਰੇ 8:30 ਤੋਂ ਸ਼ਾਮ 4 ਵਜੇ ਤੱਕ ਖੁੱਲ੍ਹਾ ਹੈ।

ਮਾਪਿਆਂ ਸਮੇਤ ਸਭ ਮੁਲਾਕਾਤੀਆਂ ਨੂੰ ਸਕੂਲ ਪਹੁੰਚਣ ਤੇ ਦਫ਼ਤਰ ਵਿਖੇ ਹਾਜ਼ਰ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ।

## ਗ਼ੈਰ ਹਾਜ਼ਰੀ:

ਕਿਸੇ ਵੀ ਕਾਰਨ ਕਰਕੇ ਜੇਕਰ ਤੁਹਾਡਾ ਬੱਚਾ ਸਕੂਲ ਨਹੀਂ ਆ ਸਕਦਾ ਤਾਂ ਦਫ਼ਤਰ ਨੂੰ ਸਵੇਰੇ 9 ਵਜੇ ਤੱਕ ਇਸ ਦੀ ਜਾਣਕਾਰੀ ਦੇ ਦਿੱਤੀ ਜਾਵੇ। ਇਹ ਜਾਣਕਾਰੀ (204)589-9853 'ਤੇ ਵੌਇਸਮੇਲ ਜਾਂ ecole.templeton@7oaks.org 'ਤੇ ਈਮੇਲ ਰਾਹੀਂ ਦੇ ਦਿੱਤੀ ਜਾਵੇ।

ਜੇਕਰ ਸਕੂਲ ਦੀ ਜਾਣਕਾਰੀ ਤੋਂ ਬਗ਼ੈਰ ਕੋਈ ਬੱਚਾ ਗ਼ੈਰ-ਹਾਜ਼ਰ ਹੁੰਦਾ ਹੈ ਤਾਂ ਬੱਚੇ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਮਾਪਿਆਂ, ਸਰਪ੍ਰਸਤਾਂ ਜਾਂ ਦਿੱਤੇ ਗਏ ਐਮਰਜੰਸੀ ਨੰਬਰਾਂ ਰਾਹੀਂ ਸੰਪਰਕ ਕੀਤਾ ਜਾਵੇਗਾ।

ਪਤਾ, ਫ਼ੋਨ ਨੰਬਰ ਜਾਂ ਈਮੇਲ ਬਦਲਣ ਦੀ ਜਾਣਕਾਰੀ ਸਕੂਲ ਨੂੰ ਜਲਦ ਤੋਂ ਜਲਦ ਦੇ ਦਿੱਤੀ ਜਾਵੇ।

**ਏਕੋਲ ਟੈਂਪਲਟਨ ਸੰਧੀ ਖੇਤਰ ਇੱਕ 'ਤੇ ਸਥਿਤ ਹੈ, ਤੇ ਰੈੱਡ ਰਿਵਰ ਮਿਟੀਸ ਦੀ ਜੱਦੀ ਧਰਤੀ ਹੈ।**

# ਸਵੇਰ ਤੇ ਦਿਨ ਖ਼ਤਮ ਹੋਣ ਦੇ ਰੁਝਾਨ

## ਸਾਹਮਣੇ ਵਾਲ਼ਾ ਬੱਸ ਚੌਕ:

(ਸਕੂਲ ਦਾ ਉੱਤਰੀ ਪਾਸਾ)

**ਸਾਹਮਣੇ ਵਾਲ਼ਾ ਗੋਲ਼ ਚੱਕਰ ਬੱਸਾਂ ਤੇ ਡੇਅ-ਕੇਅਰ ਵਾਲ਼ਿਆਂ ਲਈ ਰਾਖਵਾਂ ਹੈ।**

ਇਹ ਸੁਰੱਖਿਆ ਲਈ ਜ਼ਰੂਰੀ ਹੈ। ਕਿਸੇ ਵੀ ਸਮੇਂ ਏਥੇ ਦਾਖਲ ਹੋਣਾ ਮਨ੍ਹਾਂ ਹੈ। ਕਿੰਡਰਗਾਰਟਨ ਤੇ ਫੀਲਡ ਯਾਤਰਾਵਾਂ ਲਈ ਸਕੂਲ ਵਿੱਚ ਬੱਸਾਂ ਸਾਰਾ ਦਿਨ ਹੀ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ। ਅਸੀਂ ਆਪਣੇ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਚਾਹੁੰਦੇ ਹਾਂ।

## ਸਕੂਲ ਆਉਣਾ:

ਸਵੇਰ ਦੀ ਘੰਟੀ 8:55 'ਤੇ ਵੱਜਦੀ ਹੈ। ਇਸ ਸਮੇਂ ਬੱਚੇ ਆਪਣੇ ਅਧਿਆਪਕਾਂ ਨੂੰ ਤੈਅ ਦਰਵਾਜ਼ਿਆਂ 'ਤੇ ਮਿਲਣਗੇ। ਕੋਸ਼ਿਸ਼ ਕਰੋ ਕਿ ਸਮੇਂ ਸਿਰ ਪਹੁੰਚਿਆ ਜਾਵੇ; ਬਲਕਿ ਸਮੇਂ ਤੋਂ ਪਹਿਲਾਂ ਹੀ।

ਮਾਪੇ ਪਾਰਕਿੰਗ ਲੌਟ ਦਾ ਗੋਲ਼ ਚੱਕਰ ਆਪਣੇ ਬੱਚੇ ਨੂੰ ਸੁਆਗਤੀ ਬਾਲਗ ਕੋਲ਼ ਛੱਡਣ ਵਾਸਤੇ ਵਰਤ ਸਕਦੇ ਹਨ। ਇਸ ਸਮੇਂ ਚੌਕ ਵਿੱਚ ਗੱਡੀ ਖੜ੍ਹੀ ਕਰਨਾ ਮਨ੍ਹਾਂ ਹੈ। ਅਸੀਂ ਸਵੇਰ ਦੇ ਸਮੇਂ ਰੁਕੋ, ਛੱਡੋ, ਜਾਉ ਨਿਯਮ ਵਰਤਦੇ ਹਾਂ।

ਕਿਰਪਾ ਕਰਕੇ ਧਿਆਨ ਤੇ ਸੰਜਮ ਵਰਤਿਆ ਜਾਵੇ।

ਅਸੀਂ ਸਮਝ ਸਕਦੇ ਹਾਂ ਕਿ ਤੁਸੀਂ ਮੈਦਾਨ ਵਿੱਚ ਆ ਕੇ ਆਪਣੇ ਬੱਚੇ ਨੂੰ ਆਪਣੇ ਜਮਾਤੀਆਂ ਨਾਲ਼ ਵੇਖਣਾ ਚਾਹੁੰਦੇ ਹੋ। ਤੁਹਾਡਾ ਸੁਆਗਤ ਹੈ! ਸੜਕ 'ਤੇ ਕਾਰ ਖੜ੍ਹੀ ਕਰੋ ਤੇ ਆ ਜਾਉ। ਸਟਾਫ਼ ਦੀਆਂ ਰਾਖਵੀਆਂ ਥਾਂਵਾਂ 'ਤੇ ਕਾਰ ਖੜ੍ਹੀ ਨਾ ਕਰੋ। ਕੇਵਲ ਉਹ ਥਾਂਵਾਂ ਜਿਨ੍ਹਾਂ 'ਤੇ 'ਵਿਜ਼ਿਟਰ' ਲਿਖਿਆ ਹੋਇਆ ਹੈ, ਉਹੀ ਤੁਹਾਡੇ ਲਈ ਹਨ।

## ਛੁੱਟੀ ਤੋਂ ਬਾਅਦ ਸਕੂਲ ਤੋਂ ਲੈ ਕੇ ਜਾਣਾ:

ਕਿੰਡਰਗਾਰਟਨ, ਪਹਿਲੀ ਤੇ ਦੂਜੀ ਜਮਾਤ ਦੇ ਸਭ ਵਿਦਿਆਰਥੀਆਂ ਨੂੰ ਮਿਲਣ ਲਈ ਤੁਸੀਂ ਉਨ੍ਹਾਂ ਲਈ ਰਾਖਵੇਂ ਦਰਵਾਜ਼ੇ 'ਤੇ ਆ ਸਕਦੇ ਹੋ ਤਾਂ ਕਿ ਉਨ੍ਹਾਂ ਦੇ ਅਧਿਆਪਕਾਂ ਨੂੰ ਪਤਾ ਲੱਗ ਸਕੇ ਕਿ ਉਹ ਸੁਰੱਖਿਅਤ ਢੰਗ ਨਾਲ਼ ਘਰ ਜਾ ਰਹੇ ਹਨ।

ਜੇਕਰ ਤੁਹਾਡਾ ਬੱਚਾ ਤੀਜੀ ਤੋਂ ਪੰਜਵੀਂ ਜਮਾਤ ਦਾ ਹੈ ਤੇ ਘਰ ਜਾਣ ਲਈ ਤੁਹਾਨੂੰ ਮਿਲੇਗਾ, ਸਭ ਬੱਚਿਆਂ ਨੂੰ ਪਾਰਕਿੰਗ ਲੌਟ ਰਾਹੀਂ ਲਿਜਾਇਆ ਜਾਵੇਗਾ। ਇਸ ਵਿੱਚ ਗੋਲ਼ ਚੱਕਰ ਵਿੱਚ ਉਡੀਕ ਕਰ ਰਹੇ ਮਾਪੇ ਵੀ ਸ਼ਾਮਲ ਹਨ। ਕਿਰਪਾ ਕਰਕੇ ਕਾਰ 'ਚੋਂ ਉੱਤਰ ਕੇ ਆਪਣੇ ਬੱਚੇ ਨੂੰ ਮਿਲ਼ੋ।

ਆਪਣੇ ਬੱਚੇ ਦੇ ਅਧਿਆਪਕ ਨੂੰ ਆਪਣੇ ਬੱਚੇ ਨੂੰ ਲੈ ਜਾਣ ਵਾਲ਼ੇ ਅਧਿਕਾਰਤ ਵਿਅਕਤੀ ਬਾਰੇ ਜਾਣਕਾਰੀ ਜ਼ਰੂਰ ਦਿਉ। ਸਾਨੂੰ ਦਿਨ ਦੇ ਅਖ਼ੀਰ ਦੀ ਸਮਾਂ ਸਾਰਣੀ ਬਦਲਣ ਲਈ ਮਾਪਿਆਂ/ਸਰਪ੍ਰਸਤਾਂ ਦੀ ਮਨਜ਼ੂਰੀ ਚਾਹੀਦੀ ਹੋਵੇਗੀ। ਜੇਕਰ ਕੁਝ ਬਦਲਦਾ ਹੈ ਤਾਂ ਸਾਨੂੰ ਜਲਦ ਤੋਂ ਜਲਦ ਜਾਣਕਾਰੀ ਦਿਉ।

## ਘਰ ਲਿਜਾਣ ਦੀ ਸਮਾਂ ਸੂਚੀ ਵਿੱਚ ਬਦਲਾਅ:

ਬੱਸ ਰਾਹੀਂ ਜਾ ਆਪ ਘਰ ਲਿਜਾਣ ਦੀ ਸਮਾਂ ਸੂਚੀ ਵਿੱਚ ਬਦਲਾਅ ਬਾਰੇ ਤਿੰਨ ਵਜੇ ਤੋਂ ਪਹਿਲਾਂ ਦਫ਼ਤਰ ਨੂੰ ਫੋਨ ਰਾਹੀਂ ਜਾਂ ecole.templeton@7oaks.org 'ਤੇ ਈਮੇਲ ਰਾਹੀਂ ਇਤਲਾਹ ਦੇ ਦਿਉ।

ਜੇਕਰ ਮਾਪੇ/ਸਰਪ੍ਰਸਤ ਆਪਣੇ ਬੱਚੇ ਨੂੰ ਛੁੱਟੀ ਦੇ ਸਮੇਂ ਤੋਂ ਪਹਿਲਾਂ ਲਿਜਾ ਰਹੇ ਹਨ ਤਾਂ ਉਨ੍ਹਾਂ ਨੂੰ ਬੇਨਤੀ ਹੈ ਕਿ ਉਹ ਬੱਚਿਆਂ ਨੂੰ ਦਫ਼ਤਰ 'ਚੋਂ ਲੈ ਕੇ ਜਾਣ ਨਾ ਕਿ ਜਮਾਤੀ ਕਮਰੇ 'ਚੋਂ। ਦਫ਼ਤਰ ਪਹੁੰਚਣ ਉਪਰੰਤ ਸਾਡਾ ਇੱਕ ਸਕੱਤਰ ਤੁਹਾਡੇ ਬੱਚੇ ਦੇ ਜਮਾਤੀ ਕਮਰੇ ਨਾਲ਼ ਸੰਪਰਕ ਕਰੇਗਾ ਤੇ ਬੱਚੇ ਨੂੰ ਦਫ਼ਤਰ ਵਿੱਚ ਲਿਆਂਦਾ ਜਾਵੇਗਾ।

# 2025-2026 ਸਕੂਲ ਸਟਾਫ਼

**ਪ੍ਰਬੰਧਕ/ਮੁੱਖ-ਅਧਿਆਪਕ**

ਲੀਐਨਾ ਲੋਵੈਨ (ਮੁੱਖ ਅਧਿਆਪਕ)
ਕ੍ਰਿਸਟਿਨ ਚਾਰਟਰੈਂਡ (ਡਾਇਰੈਕਟਰ-ਸਹਾਇਕ)

**ਅਧਿਆਪਕ:**

ਕਰੀਨ ਕੋਲ (ਕਿੰਡਰਗਾਰਟਨ – ਕਮਰਾ ਨੰਬਰ 100)
ਜਿਨੈੱਟ ਮੈਂਟੋਲੀਨੋ (ਕਿੰਡਰਗਾਰਟਨ – ਕਮਰਾ ਨੰਬਰ 102)
ਅਡੋਉ ਐਟਾ (ਪਹਿਲਾ ਸਾਲ – ਕਮਰਾ ਨੰਬਰ 107)
ਪੌਲੀਨ ਬੋਲਿਸੇ (ਪਹਿਲਾ ਸਾਲ – ਕਮਰਾ ਨੰਬਰ 108)
ਰਿਬੈੱਕਾ ਟੋਮਚਾਕ (ਪਹਿਲਾ ਸਾਲ – ਕਮਰਾ ਨੰਬਰ 110)
ਰਿਬੈੱਕਾ ਜੌਨਸਨ (1/2 ਸਾਲ – ਕਮਰਾ 106)
ਕਰਸਟੀਨ ਰੀਸ (1/2 ਸਾਲ – ਕਮਰਾ 111)
ਐਨਿਕ ਬੋਰਡਉ (ਦੂਜਾ ਸਾਲ – ਕਮਰਾ 109)
ਮਬਾਏ ਨਦੀਏ (ਦੂਜਾ ਸਾਲ – ਕਮਰਾ 209)
ਬ੍ਰੇਨਾ ਵਿੰਸ (ਦੂਜਾ ਸਾਲ – ਕਮਰਾ 200)

ਪਾਮੇਲਾ ਜੈਂਕਿੰਸਨ (ਤੀਜਾ ਸਾਲ – ਕਮਰਾ 206)
ਗੈਬਰੀਏਲ ਲਾਲੀਬਰਟੇ (ਤੀਜਾ ਸਾਲ – ਕਮਰਾ 207)
ਕੇਇਲਾ ਟ੍ਰੈਟਿਐਕ (ਤੀਜਾ ਸਾਲ – ਕਮਰਾ 208)
ਟੇਲਰ ਗੋਵਰਿਲੁਕ (ਤੀਜਾ/ਚੌਥਾ ਸਾਲ – ਕਮਰਾ 204)
ਐਰਿਕਾ ਟੈਟ੍ਰੌਲਟ (ਤੀਜਾ/ਚੌਥਾ ਸਾਲ – ਕਮਰਾ 105)
ਸ਼ੈਲਬੀ ਲੇਰੋਕਸ (ਚੌਥਾ ਸਾਲ – ਕਮਰਾ 200)

ਲਿਨੇਟ ਨਵਾਰੋ (ਚੌਥਾ ਸਾਲ – ਕਮਰਾ 104)
ਆਰਲੀ ਹਾਰਨੈੱਟ (ਪੰਜਵਾਂ ਸਾਲ – ਕਮਰਾ 203)
ਲਿੰਡਸੇ ਕੈਸਪਰ (ਚੌਥਾ/ਪੰਜਵਾਂ ਸਾਲ – ਕਮਰਾ 205)
ਐਂਡ੍ਰੀਊ ਰਿੱਡ (ਪੰਜਵਾਂ ਸਾਲ – ਕਮਰਾ 202)
ਤਿਹੋਮੀਰਾ ਚਿਰਪਨਲੀਵਾ (ਪੰਜਵਾਂ ਸਾਲ – ਕਮਰਾ 201)

**ਬਦਲ / ਸਪਲਾਈ:**
ਐਨਾਬੇਲ ਸਟਾ. ਬ੍ਰਿਗੇਡਾ

**ਮਾਹਰ:**
ਡਾਰਸੀ ਡਿਊਇਟ (ਸਰੀਰਕ ਸਿੱਖਿਆ)
ਕ੍ਰੇਗ ਗਾਵਰਿਲੁਕ (ਸਰੀਰਕ ਸਿੱਖਿਆ)
ਐਨਾਬੈਲੇ ਡ੍ਰਾਜੀਕੈਵਿਕ (ਸੰਗੀਤ)
ਜੂਲੀਆ ਗਿਬਸਨ (ਸੰਗੀਤ ਅਤੇ ਵਾਇਲਨ)

**ਸਿਖਲਾਈ ਸਹਾਇਤਾ ਅਧਿਆਪਕ**
ਮੇਗਨ ਬ੍ਰੈਟ (ਸਹਾਇਤਾ)
ਲਿੰਡਸੇ ਬ੍ਰੋਡਿਊਰ (ਸਹਾਇਤਾ)
ਜੈਨੀਫਰ ਡੇਵਨਪੋਰਟ (ਸਹਾਇਤਾ)
ਮੇਲਿਸਾ ਫਰਾਂਸਿਸ (ਸਹਾਇਤਾ)

**ਲਾਇਬ੍ਰੇਰੀ ਤਕਨੀਸ਼ੀਅਨ:**
ਜੌਨ ਡੇਲਾਟ

**ਸਕੱਤਰ:**
ਵਨੈੱਸਾ ਬੋਗੈੱਨ (ਵਿਦਿਆਰਥੀਆਂ ਲਈ)
ਮੋਨੀਕ ਡੇਹੋਜ਼ੀਏ (ਵਿੱਤੀ ਮਾਮਲਿਆਂ ਲਈ)
ਗ੍ਰੇਸ ਵਾਲ (ਟਰਮ - AM)

**ਵਿਦਿਅਕ ਸਹਾਇਕ:**
ਅਲਫਾਨੀ ਅਲੀਮਾਸੀ
ਕੈਥੀ ਚਿਆਸਨ

ਲੂਲਬੀ ਡੇਲ ਰੋਜ਼ਾਰੀਓ

ਮੇਲਾਨੀ ਕਾਬਲਾਨ

ਨਿਕੋਲ ਡੋਹਾਨ

ਨੋਹੇਮੀ ਪੋਰਟਿਲੋ

ਰੋਜ਼ ਐਡਜੇਟ

**ਕਮਿਊਨਿਟੀ ਕੋਆਰਡੀਨੇਟਰ:**

ਵੈਰੋਨਿਕਾ ਖਿਫਾਲਟ

**ਰਖਵਾਲੇ**

ਸਕੌਟ ਗ੍ਰੀਨ (ਦਿਨ-ਟੀਮ ਲੀਡਰ)

ਫ੍ਰੈਡੀ ਡੇਲਾ ਕਰੂਜ਼

ਮਾਰਵਿਨ ਡੈਗਡੈਗਨ

## ਸਿਹਤ ਸੰਬੰਧੀ ਸਮੱਸਿਆਵਾਂ

ਜੇਕਰ ਤੁਹਾਡੇ ਬੱਚੇ ਨੂੰ ਕੋਈ ਘਾਤਕ ਐਲਰਜੀ ਹੈ, ਐਲਰਜੀ ਨਾਲ਼ ਸੰਬੰਧਤ ਐਪੀਪਨ ਦਵਾਈ ਲੈਣੀ ਪੈਂਦੀ ਹੈ, ਲਹੂ ਵਗਣ ਸੰਬੰਧੀ ਕੋਈ ਸਮੱਸਿਆ ਹੈ, ਸ਼ੂਗਰ ਹੈ, ਦਿਲ ਨਾਲ਼ ਸੰਬੰਧਤ ਰੋਗ ਹੈ, ਦਿਮਾਗ ਨਾਲ਼ ਸੰਬੰਧਤ ਰੋਗ ਹੈ ਜਾਂ ਕੋਈ ਵੀ ਵੱਡਾ ਰੋਗ ਹੈ ਤਾਂ:

- ਕਿਰਪਾ ਕਰਕੇ ਦਫ਼ਤਰ ਨੂੰ ਜਾਣਕਾਰੀ ਦਿੱਤੀ ਜਾਵੇ ਤੇ ਅਗਲੇਰੀ ਪ੍ਰਕਿਰਿਆ ਸੰਬੰਧੀ ਅਸੀਂ ਤੁਹਾਡੀ ਮਦਦ ਕਰਾਂਗੇ।
- ਤੁਹਾਨੂੰ ਇੱਕ ਫਾਰਮ ਭਰਨ ਨੂੰ ਕਿਹਾ ਜਾਵੇਗਾ ਤੇ ਸਾਡੀ ਸ਼ਾਖਾ ਵਿੱਚ ਕਾਰਜਸ਼ੀਲ ਨਰਸ ਦੁਆਰਾ ਇੱਕ ਸਿਹਤ ਯੋਜਨਾ ਪ੍ਰਦਾਨ ਕੀਤੀ ਜਾਵੇਗੀ। ਇਸ ਤਰ੍ਹਾਂ ਤੁਹਾਡੇ ਬੱਚੇ ਦੀ ਸਹੀ ਦੇਖਭਾਲ ਕਰਨ ਵਿੱਚ ਸਾਨੂੰ ਮਦਦ ਮਿਲੇਗੀ।

## ਸਕੂਲ ਵਿੱਚ ਦਵਾਈਆਂ

ਅਸੀਂ ਇਹ ਸਮਝਦੇ ਹਾਂ ਕਿ ਕਈ ਵਾਰ ਬੱਚੇ ਨੂੰ ਦੱਸੀ ਗਈ ਦਵਾਈ ਉਹਨੂੰ ਸਕੂਲ ਵਿੱਚ ਲੈਣੀ ਪੈ ਸਕਦੀ ਹੈ। ਜੇਕਰ ਤੁਹਾਡੇ ਬੱਚੇ ਨੂੰ ਸਕੂਲ ਵਿੱਚ ਦਵਾਈ ਦੀ ਲੋੜ ਹੈ ਤਾਂ:

- ਉਹ ਦਵਾਈ ਮਾਪਿਆਂ ਜਾਂ ਇੱਕ ਜ਼ਿੰਮੇਵਾਰ ਬਾਲਗ ਰਾਹੀਂ ਹੀ ਦਫ਼ਤਰ ਵਿੱਚ ਪਹੁੰਚਾਈ ਜਾਵੇ।
- ਅਸੀਂ ਚਾਹੁੰਦੇ ਹਾ ਕਿ ਦਵਾਈ ਉਸਦੇ ਅਸਲੀ ਕੰਟੇਨਰ ਵਿੱਚ ਹੀ ਹੋਵੇ।
- ਇੱਕ ਮਨਜ਼ੂਰੀ ਫਾਰਮ ਭਰਿਆ ਜਾਵੇ।ਇਹ ਫਾਰਮ ਸਾਡੇ ਸਕੂਲ ਦੀ ਵੈੱਬਸਾਈਟ 'ਤੇ ਮੌਜੂਦ ਹਨ।
- ਅਸੀਂ ਚਾਹੁੰਦੇ ਹਾਂ ਕਿ ਕਾਊਂਟਰ ਤੋਂ ਲਈ ਜਾ ਸਕਣ ਵਾਲੀ ਦਵਾਈ (ਟਾਈਲਾਨੌਲ, ਬੈਨਾਡ੍ਰਿਲ) 'ਤੇ ਫਾਰਮੇਸੀ ਦੁਆਰਾ ਲਾਇਆ ਲੇਬਲ ਹੋਵੇ।

**ਅਸੀਂ ਬੇਨਤੀ ਕਰਦੇ ਹਾਂ ਕਿ ਸਕੂਲ ਲਿਆਂਦੀਆਂ ਗਈਆਂ ਸਭ ਦਵਾਈਆਂ ਦਫ਼ਤਰ ਵਿੱਚ ਰੱਖੀਆਂ ਜਾਣ। ਇਸ ਵਿੱਚ ਦਮੇ ਦੀਆਂ ਨਿਰਧਾਰਤ ਦਵਾਈਆਂ ਵੀ ਸ਼ਾਮਲ ਹਨ।**

ਜੇਕਰ ਤੁਹਾਡੇ ਬੱਚੇ ਨੂੰ ਐਨਾਫਾਈਲੈਕਸਿਸ ਕਰਕੇ ਐਪੀਪੈੱਨ ਲੈਣ ਦੀ ਹਿਦਾਇਤ ਹੈ ਤਾਂ ਐਪੀਪੈੱਨ:

- ਨਿੱਕੇ ਬੈਗ ਵਿੱਚ ਰੱਖੀ ਜਾਵੇ ਤੇ ਤੁਹਾਡੇ ਬੱਚੇ ਨਾਲ਼ ਹੀ ਰਹੇ ਜਾਂ
- ਮੁੱਖ ਦਫ਼ਤਰ ਵਿੱਚ ਰੱਖੀ ਜਾਵੇ ਜਾਂ
- ਨਿੱਕੇ ਬੈਗ ਵਿੱਚ ਰੱਖੀ ਜਾਵੇ ਤੇ ਇੱਕ ਵਾਧੂ ਐਪੀਪੈੱਨ ਦਫ਼ਤਰ ਵਿੱਚ ਰੱਖੀ ਜਾਵੇ

ਇਕੱਠੇ ਕੰਮ ਕਰਨਾ ਸੁਰੱਖਿਅਤ ਸਿਹਤ ਪ੍ਰਕਿਰਿਆਵਾਂ ਨੂੰ ਨਿਰਧਾਰਤ ਕਰੇਗਾ।

# ਹੋਰ ਜ਼ਰੂਰੀ ਜਾਣਕਾਰੀ

## ਖ਼ੁਰਾਕ ਲਈ ਅੰਤਰਾਲ



ਇਹ ਉਹ ਸਮਾਂ ਹੈ ਜਦੋਂ ਅਸੀਂ ਆਪਣੇ ਸਰੀਰ ਨੂੰ ਖ਼ੁਰਾਕ ਦਿੰਦੇ ਹਾਂ ਤੇ ਹੋਰ ਗਤੀਵਿਧੀਆਂ ਤੋਂ ਛੁੱਟੀ ਲੈਂਦੇ ਹਾਂ।

ਏਕੋਲ ਟੈਂਪਲਟਨ ਵਿਖੇ ਦੋ ਅੰਤਰਾਲ ਨਿਸ਼ਚਿਤ ਹਨ। ਬੱਚੇ ਆਪਣੇ ਜਮਾਤੀ ਕਮਰਿਆਂ ਵਿੱਚ ਭੋਜਨ ਕਰਦੇ ਹਨ।

ਅਸੀਂ ਬੇਨਤੀ ਕਰਦੇ ਹਾਂ ਕਿ ਵੱਧ ਤੋਂ ਵੱਧ ਪੌਸ਼ਟਿਕ ਭੋਜਨ ਭੇਜਿਆ ਜਾਵੇ। ਠੰਢਾ ਪੌਪ ਬਿਲਕੁਲ ਨਾ ਭੇਜਿਆ ਜਾਵੇ ਤੇ ਖੰਡ ਨਾਲ਼ ਲਬਰੇਜ਼ ਵਿਅੰਜਨਾ ਤੋਂ ਪਰਹੇਜ਼ ਕੀਤਾ ਜਾਵੇ। ਜੇਕਰ ਗਰਮ ਭੋਜਨ ਭੇਜਣਾ ਚਾਹੁੰਦੇ ਹੋ ਤਾਂ ਥਰਮਸ ਵਿੱਚ ਭੇਜਿਆ ਜਾਵੇ ਕਿਉਂਕਿ ਭੋਜਨ ਤੱਤਾ ਕਰਨ ਲਈ ਮਾਈਕ੍ਰੋਵੇਵ ਉੱਪਲੱਬਧ ਨਹੀਂ ਹਨ।

ਅਸੀਂ ਵਾਤਾਵਰਨ ਦੇ ਅਨੁਕੂਲ ਭੋਜਨ ਭੇਜਣ ਦੀ ਬੇਨਤੀ ਕਰਦੇ ਹਾਂ। ਰਹਿੰਦ ਖੂੰਹਦ ਤੇ ਧਰਤੀ 'ਤੇ ਇਸ ਦਾ ਪ੍ਰਭਾਵ ਘਟਾਉਣ ਲਈ ਦੁਬਾਰਾ ਵਰਤੋਂ ਵਿੱਚ ਲਿਆਂਦੇ ਜਾ ਸਕਣ ਵਾਲ਼ੇ ਭਾਂਡੇ ਵਰਤੇ ਜਾਣ। ਕਿਰਪਾ ਕਰਕੇ ਲੋੜ ਮੁਤਾਬਕ ਚਮਚੇ ਤੇ ਕਾਂਟੇ ਵੀ ਭੇਜੋ।

**ਅਸੀਂ ਮੂੰਗਫਲ਼ੀ ਤੇ ਹੋਰ ਗਿਰੀਆਂ ਪ੍ਰਤੀ ਸੁਚੇਤ ਸਕੂਲ ਹਾਂ!**

ਸਾਨੂੰ ਪਤਾ ਹੈ ਕਿ ਸਾਡੇ ਕੁਝ ਵਿਦਿਆਰਥੀ ਤੇ ਸਟਾਫ਼ ਮੈਂਬਰ ਜਿਨ੍ਹਾਂ ਨੂੰ ਮੂੰਗਫਲ਼ੀ ਤੇ ਹੋਰ ਗਿਰੀਆਂ ਤੋਂ ਘਾਤਕ ਐਲਰਜੀ ਹੋ ਸਕਦੀ ਹੈ। ਅਸੀਂ ਮੂੰਗਫਲ਼ੀ ਤੇ ਹੋਰ ਗਿਰੀਆਂ ਪ੍ਰਤੀ ਸੁਚੇਤ ਸਕੂਲ ਹਾਂ। ਅਸੀਂ ਬੇਨਤੀ ਕਰਦੇ ਹਾਂ ਕਿ ਭੋਜਨ ਦੇ ਪੈਕਟਾਂ ਉੱਤੇ ਲਿਖੀਆਂ ਹਿਦਾਇਤਾਂ ਨੂੰ ਧਿਆਨ ਨਾਲ਼ ਪੜ੍ਹਿਆ ਜਾਵੇ ਤੇ. ਉਹ ਭੋਜਨ ਜਿਸ ਵਿੱਚ ਮੂੰਗਫਲ਼ੀ ਤੇ ਹੋਰ ਗਿਰੀਆਂ ਹੋਣ, ਨੂੰ ਸਕੂਲ ਨਾ ਭੇਜਿਆ ਜਾਵੇ।



## ਅੱਧੀ ਛੁੱਟੀ ਦੌਰਾਨ ਅੰਦਰ ਰਹਿਣਾ

ਜਦੋਂ ਹਵਾ ਨਾਲ਼ ਤਾਪਮਾਨ ਮਨਫ਼ੀ ੨੧ ਡਿਗਰੀ ਹੋਵੇ, ਜਾਂ ਤੇਜ਼ ਮੀਂਹ ਪੈ ਰਿਹਾ ਹੋਵੇ, ਅਸੀਂ ਬੱਚਿਆਂ ਨੂੰ ਅੱਧੀ ਛੁੱਟੀ ਵੇਲ਼ੇ ਅੰਦਰ ਹੀ ਰੱਖਦੇ ਹਾਂ। ਅਸੀਂ ਇਨਵਾਇਰਨਮੈਂਟ ਕੈਨੇਡਾ ਵੈੱਬਸਾਈਟ ਰਾਹੀਂ ਤਾਪਮਾਨ ਦਾ ਹਿਸਾਬ ਰੱਖਦੇ ਹਾਂ ਤੇ ਅਸੀਂ 'ਦ ਫੋਰਕਸ' ਦੇ ਮੌਸਮ ਦੇ ਹਾਲਾਤ 'ਤੇ ਵੀ ਨਜ਼ਰ ਰੱਖਦੇ ਹਾਂ। ਨਹੀਂ ਤਾਂ, ਬੱਚਿਆਂ ਤੋਂ ਬਾਹਰ ਖੇਡਣ ਦੀ ਆਸ ਕੀਤੀ ਜਾਂਦੀ ਹੈ ਤੇ ਉਨ੍ਹਾਂ ਨੂੰ ਮੌਸਮ ਦੇ ਹਿਸਾਬ ਨਾਲ਼ ਕੱਪੜੇ (ਟੋਪੀਆਂ, ਦਸਤਾਨੇ, ਗਰਮ ਬੂਟ, ਸਨੋਅ ਪੈਂਟਾਂ ਆਦਿ) ਪਾਉਣ ਲਈ ਕਿਹਾ ਜਾਂਦਾ ਹੈ।

ਇਹ ਹਾਲਾਤ ਦਿਨ ਵਿੱਚ ਕਈ ਵਾਰ ਬਦਲ ਸਕਦੇ ਹਨ। ਕਿਰਪਾ ਕਰਕੇ ਇਹ ਅਨੁਮਾਨ ਨਾ ਲਾਇਆ ਜਾਵੇ ਕਿ ਜੇਕਰ ਸਵੇਰੇ ਠੰਢ ਹੈ ਤਾਂ ਅਸੀਂ ਸਾਰਾ ਦਿਨ ਅੰਦਰ ਹੀ ਰਹਾਂਗੇ। ਸਾਡੇ ਕੋਲ਼ੋ ਜਿੰਨਾਂ ਬਾਹਰ ਜਾ ਹੋ ਸਕਦਾ ਹੈ, ਅਸੀਂ ਓਨਾ ਜਾਂਦੇ ਹਾਂ। ਭਾਵੇਂ ਬੱਚਿਆਂ ਮਾਮੂਲੀ ਬਿਮਾਰ ਹੋਣ (ਜਿਵੇਂ ਕਿ ਨੱਕ 'ਚੋਂ ਪਾਣੀ ਵਗ ਰਿਹਾ ਹੋਵੇ), ਤਾਂ ਵੀ ਉਨ੍ਹਾਂ ਨੂੰ ਤਾਜ਼ੀ ਹਵਾ ਨਾਲ਼ ਲਾਭ ਪਹੁੰਚਦਾ ਹੈ। ਸਿੱਧੀ ਜਿਹੀ ਗੱਲ ਹੈ ਕਿ ਜੇਕਰ ਬੱਚਾ ਸਕੂਲ ਆਉਣ ਦੇ ਯੋਗ ਹੈ, ਤਾਂ ਉਹ ਸਭ ਗਤੀਵਿਧੀਆਂ ਵਿੱਚ ਹਿੱਸਾ ਲੈਣ ਦੇ ਯੋਗ ਵੀ ਹੈ।

## ਗੁਆਚੀਆਂ ਤੇ ਲੱਭੀਆਂ ਚੀਜ਼ਾਂ

ਕੁਝ ਸਮਾਂ ਪਾ ਕੇ ਇਕੱਠੀਆਂ ਹੋਈਆਂ ਗੁਆਚੀਆਂ ਤੇ ਲੱਭੀਆਂ ਚੀਜ਼ਾਂ ਦੀ ਗਿਣਤੀ ਘਟਾਉਣ ਲਈ ਤੁਹਾਨੂੰ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਪਾਣੀ ਵਾਲ਼ੀਆਂ ਬੋਤਲਾਂ, ਜੈਕਟਾਂ, ਟੋਪੀਆਂ, ਦਸਤਾਨੇ, ਸਨੋਅ ਪੈਂਟਾਂ ਤੇ ਬੂਟਾਂ ਦੇ ਉੱਤੇ ਵਿਦਿਆਰਥੀ ਦਾ ਨਾਂਅ ਲਿਖ ਦਿੱਤਾ ਜਾਵੇ। ਇਸ ਤਰ੍ਹਾਂ ਕਰਨ 'ਤੇ ਅਸੀਂ ਆਮ ਤੌਰ 'ਤੇ ਉਹ ਚੀਜ਼ਾਂ ਤੁਹਾਡੇ ਬੱਚੇ ਨੂੰ ਨਾਲ਼ ਦੀ ਨਾਲ਼ ਮੋੜਨ ਦੇ ਯੋਗ ਹੁੰਦੇ ਹਾਂ।

ਗੁਆਚੀਆਂ ਤੇ ਲੱਭੀਆਂ ਚੀਜ਼ਾਂ ਫੋਇਰ ਵਿੱਚ ਪਈਆਂ ਹੁੰਦੀਆਂ ਹਨ। ਜਿਹੜੀਆਂ ਚੀਜ਼ਾਂ ਟਰਮ (ਦਸੰਬਰ, ਮਾਰਚ ਤੇ ਜੂਨ) ਦੀ ਸਮਾਪਤੀ ਤੱਕ ਲਾਵਾਰਿਸ ਰਹਿ ਜਾਣਗੀਆਂ, ਉਹ ਦਾਨ ਕਰ ਦਿੱਤੀਆਂ ਜਾਣਗੀਆਂ।

## ਪ੍ਰੀਸਕੂਲ ਪ੍ਰੋਗਰਾਮ



ਸੈਵਨ ਓਕਸ ਸਕੂਲ ਡਿਵੀਜ਼ਨ ਵਿੱਚ ਰਹਿਣ ਵਾਲ਼ੇ ਪਰਿਵਾਰਾਂ ਦੇ 0-5 ਸਾਲ ਦੇ ਬੱਚਿਆਂ ਲਈ ਸਾਡੇ ਸਕੂਲ ਵਿੱਚ ਮਾਪੇ-ਵਿਦਿਆਰਥੀ ਪ੍ਰੀਸਕੂਲ ਪ੍ਰੋਗਰਾਮ ਬਿਲਕੁਲ ਮੁਫ਼ਤ ਵਿੱਚ ਮੁਹੱਈਆ ਕਰਵਾਇਆ ਜਾਂਦਾ ਹੈ। ਜ਼ਿਆਦਾ ਜਾਣਕਾਰੀ ਲਈ ਸਾਡੇ ਸਕੂਲ ਦੀ ਵੈੱਬਸਾਈਟ ਵੇਖੋ।

# ਦਿਸ਼ਾ-ਨਿਰਦੇਸ਼ ਤੇ ਪ੍ਰਕਿਰਿਆਵਾਂ



## ਬੱਸਾਂ

ਬੱਸ ਦੀਆਂ ਸੇਵਾਵਾਂ ਲਈ ਅਰਜ਼ੀਆਂ ਲੋੜੀਂਦੀਆਂ ਹਨ ਤੇ ਕੁਝ ਪਾਬੰਦੀਆਂ ਵੀ ਲਾਗੂ ਹਨ। ਜੋ ਬੱਚੇ ਬੱਸਾਂ ਰਾਹੀਂ ਸਕੂਲ ਜਾਂਦੇ ਹਨ ਉਨ੍ਹਾਂ ਤੋਂ ਹਰ ਵੇਲ਼ੇ ਸੁਰੱਖਿਅਤ ਤੇ ਮੁਨਾਸਿਬ ਵਿਹਾਰ ਦੀ ਆਸ ਕੀਤੀ ਜਾਂਦੀ ਹੈ। ਬੱਸ ਦੀ ਸਵਾਰੀ ਇੱਕ ਵਿਸ਼ੇਸ਼ ਅਧਿਕਾਰ ਹੈ ਤੇ ਜੇਕਰ ਵਿਦਿਆਰਥੀ ਦੇ ਤੌਰ ਤਰੀਕੇ ਸੁਰੱਖਿਅਤ ਨਹੀਂ ਪਾਏ ਜਾਂਦੇ ਤਾਂ ਇਹ ਅਧਿਕਾਰ ਖੁੱਸ ਵੀ ਸਕਦਾ ਹੈ।

ਸਾਲ ਵਿੱਚ ਦੋ ਵਾਰ ਸਭ ਵਿਦਿਆਰਥੀ ਬੱਸ ਨਿਕਾਸੀ ਵਿਧੀਆਂ ਵਿੱਚ ਹਿੱਸਾ ਲੈਂਦੇ ਹਨ।

ਜੇਕਰ ਦਿਨ ਦੇ ਅੰਤ ਤੱਕ ਬੱਸ ਦੀ ਸਮਾਂ ਸਾਰਣੀ ਵਿੱਚ ਕੁਝ ਤਬਦੀਲੀ ਆਉਂਦੀ ਹੈ ਤਾਂ 3 ਵਜੇ ਤੋਂ ਪਹਿਲਾਂ ਫੋਨ ਜਾਂ ecole.templeton@7oaks.org 'ਤੇ ਈਮੇਲ ਰਾਹੀਂ ਸਕੂਲ ਨੂੰ ਸੂਚਨਾ ਦੇ ਦਿੱਤੀ ਜਾਵੇ।

## ਖ਼ਰਾਬ ਮੌਸਮ

ਸਿਆਲ਼ ਦੇ ਮਹੀਨਿਆਂ ਵਿੱਚ ਮੌਸਮ ਦੀ ਖ਼ਰਾਬੀ ਜਾਂ ਸੜਕਾਂ ਦੇ ਹਾਲਾਤ ਕਰਕੇ ਆਵਾਜਾਈ ਦੀਆਂ ਸੇਵਾਵਾਂ ਰੱਦ ਹੋ ਸਕਦੀਆਂ ਹਨ। ਜੇ ਇਨਵਾਇਰਨਮੈਂਟ ਕੈਨੇਡਾ ਮੁਤਾਬਕ 'ਦ ਫੋਰਕਸ' ਦਾ ਤਾਪਮਾਨ (6:00 ਵਜੇ ਤੱਕ) ਮਨਫ਼ੀ 45 ਡਿਗਰੀ ਜਾਂ ਇਸ ਤੋਂ ਹੇਠਾਂ ਡਿੱਗਦਾ ਹੈ ਤਾਂ ਬੱਸਾਂ ਨਹੀਂ ਚੱਲਣਗੀਆਂ। ਬੱਚਿਆਂ ਨੂੰ ਸਕੂਲ ਛੱਡਣ ਤੇ ਵਾਪਸ ਘਰ ਲੈ ਕੇ ਜਾਣ ਦਾ ਇੰਤਜ਼ਾਮ ਕਰਨ ਦੀ ਦੀ ਜ਼ਿੰਮੇਵਾਰੀ ਮਾਪਿਆਂ ਦੀ ਹੋਵੇਗੀ। ਜੇਕਰ ਤੁਹਾਨੂੰ ਲੱਗਦਾ ਹੈ ਕਿ ਮੌਸਮ ਦੀ ਖ਼ਰਾਬੀ ਕਾਰਨ ਬੱਸਾਂ ਰੱਦ ਹੋ ਸਕਦੀਆਂ ਹਨ ਤਾਂ ਰੇਡੀਉ 'ਤੇ ਸੀਜੇਓਬੀ 680 ਜਾਂ ਸੀਬੀਸੀ 990 ਸੁਣੇ ਜਾਣ।

ਨੋਟ ਕਰੋ ਕਿ ਜੇਕਰ ਸਵੇਰੇ ਬੱਸਾਂ ਨਹੀਂ ਚੱਲ ਰਹੀਆਂ ਹੋਣਗੀਆਂ ਤਾਂ ਸਕੂਲ ਮੁੱਕਣ ਉਪਰੰਤ ਵੀ ਬੱਸਾਂ ਨਹੀਂ ਚੱਲਣਗੀਆਂ।

## ਸੁਰੱਖਿਆ ਤੇ ਐਮਰਜੈਂਸੀ ਵਿਧੀਆਂ

ਵੱਖ ਵੱਖ ਤਰ੍ਹਾਂ ਦੀ ਐਮਰਜੈਂਸੀ ਦੇ ਹਾਲਾਤ ਵਿੱਚ ਕੁਝ ਸੁਰੱਖਿਆਂ ਦੀਆਂ ਯੋਜਨਾਵਾਂ ਬਣਾਈਆਂ ਗਈਆਂ ਹਨ ਤੇ ਅਸੀਂ ਚਾਹੁੰਦੇ ਹਾਂ ਕਿ ਕਿਸੇ ਵੀ ਤਰ੍ਹਾਂ ਦੇ ਅਣਸੁਖਾਵੇਂ ਹਾਲਾਤ ਵਿੱਚ ਸਭ ਤਿਆਰ ਰਹਿਣ ਤੇ ਆਤਮਵਿਸ਼ਵਾਸ ਰੱਖਣ।

ਹਰ ਸਾਲ ਅਸੀਂ 10 ਫਾਇਰ ਡ੍ਰਿੱਲਾਂ ਤੇ 2 ਲੌਕਡਾਊਨ ਡ੍ਰਿੱਲਾਂ ਦਾ ਪ੍ਰਬੰਧ ਕਰਦੇ ਹਾਂ। ਲੌਕਡਾਊਨ ਡ੍ਰਿੱਲ ਕਰਵਾਉਣ ਉਪਰੰਤ ਪਰਿਵਾਰਾਂ ਨੂੰ ਸੂਚਨਾ ਦਿੱਤੀ ਜਾਵੇਗੀ ਤਾਂ ਜੋ ਤੁਸੀਂ ਵੀ ਆਪਣੇ ਬੱਚੇ ਨਾਲ਼ ਸੰਭਾਵੀ ਅਣਸੁਖਾਵੇਂ ਹਾਲਾਤ ਬਾਰੇ ਗੱਲ ਕਰ ਸਕੋ।

ਜੇਕਰ ਕਦੇ ਸਾਨੂੰ ਸਕੂਲ ਤੇ ਸਕੂਲ ਦੇ ਮੈਦਾਨ ਖਾਲੀ ਕਰਨੇ ਪੈਂਦੇ ਹਨ ਤਾਂ ਅਸੀਂ ਐਂਬਰ ਟ੍ਰੇਲਜ਼ ਕਮਿਊਨਿਟੀ ਸਕੂਲ ਵਿਖੇ ਜਾਵਾਂਗੇ। ਉੱਥੇ ਪਹੁੰਚਣ ਤੋਂ ਬਾਅਦ ਸਭ ਪਰਿਵਾਰਾਂ ਨਾਲ਼ ਸੰਪਰਕ ਕੀਤਾ ਜਾਵੇਗਾ।

# ਜ਼ਰੂਰੀ ਤਰੀਕਾਂ – 2025-2026

ਛੁੱਟੀਆਂ ਤੇ ਹੋਰ ਜ਼ਰੂਰੀ ਤਰੀਕਾਂ ਦੀ ਸੂਚੀ ਹੇਠ ਦਿੱਤੀ ਹੈ। ਹੋਰ ਗਤੀਵਿਧੀਆਂ ਦਾ ਕੈਲੰਡਰ ਸਕੂਲ ਦੀ ਵੈੱਬਸਾਈਟ 'ਤੇ ਉਪਲੱਬਧ ਹੈ।

(ਨੋਟ ਕਰੋ - ਤਰੀਕਾਂ ਬਦਲ ਸਕਦੀਆਂ ਹਨ)

ਸਤੰਬਰ 2 ਅਤੇ 3: ਓਰੀਐਂਟੇਸ਼ਨ ਮੀਟਿੰਗਾਂ/ਓਰੀਐਂਟੇਸ਼ਨ ਦਿਨ

29 ਸਤੰਬਰ: ਪੇਸ਼ੇਵਰ ਵਿਕਾਸ ਦਿਵਸ / ਪੀਡੀ ਦਿਵਸ (ਕੋਈ ਸਕੂਲ ਨਹੀਂ)

30 ਸਤੰਬਰ: ਸੱਚ ਅਤੇ ਸੁਲ੍ਹਾ ਲਈ ਰਾਸ਼ਟਰੀ ਦਿਵਸ (ਕੋਈ ਸਕੂਲ ਨਹੀਂ)

3 ਅਕਤੂਬਰ: ਫੋਟੋਆਂ/ ਤਸਵੀਰਾਂ

ਅਕਤੂਬਰ 13: ਥੈਂਕਸਗਿਵਿੰਗ/ਥੈਂਕਸਗਿਵਿੰਗ (ਕੋਈ ਸਕੂਲ ਨਹੀਂ)

ਅਕਤੂਬਰ 24: ਸੂਬਾਈ ਪੇਸ਼ੇਵਰ ਵਿਕਾਸ ਦਿਵਸ/PD ਦਿਵਸ (ਕੋਈ ਸਕੂਲ ਨਹੀਂ)

ਨਵੰਬਰ 3: ਪੇਸ਼ੇਵਰ ਵਿਕਾਸ ਦਿਵਸ/ PD ਦਿਵਸ (ਕੋਈ ਸਕੂਲ ਨਹੀਂ)

11 ਨਵੰਬਰ: ਯਾਦਗਾਰ ਦਿਵਸ (ਕੋਈ ਸਕੂਲ ਨਹੀਂ)

21 ਨਵੰਬਰ: ਜਸ਼ਨ/ਵਿਦਿਆਰਥੀ ਜਸ਼ਨ (ਕੋਈ ਸਕੂਲ ਨਹੀਂ)

26 ਨਵੰਬਰ: ਫੋਟੋ ਰੀਟੇਕ/ ਦੁਬਾਰਾ ਤਸਵੀਰਾਂ ਖਿੱਚਣੀਆਂ

2 ਦਸੰਬਰ: ਡਿਵੀਜ਼ਨਲ ਪ੍ਰੋਫੈਸ਼ਨਲ ਡਿਵੈਲਪਮੈਂਟ ਡੇ/ PD ਦਿਵਸ (ਕੋਈ ਸਕੂਲ ਨਹੀਂ)

22 ਦਸੰਬਰ ਤੋਂ 2 ਜਨਵਰੀ: ਸਰਦੀਆਂ ਦੀਆਂ ਛੁੱਟੀਆਂ/ਸਰਦੀਆਂ ਦੀਆਂ ਛੁੱਟੀਆਂ (ਕੋਈ ਸਕੂਲ ਨਹੀਂ)

5 ਜਨਵਰੀ: ਸਕੂਲ ਮੁੜ ਖੁੱਲ੍ਹਦਾ ਹੈ

30 ਜਨਵਰੀ: ਪ੍ਰੋਫੈਸ਼ਨਲ ਡਿਵੈਲਪਮੈਂਟ ਡੇ/PD ਦਿਵਸ (ਕੋਈ ਸਕੂਲ ਨਹੀਂ)

2 ਫਰਵਰੀ: ਡਿਵੀਜ਼ਨਲ ਪ੍ਰੋਫੈਸ਼ਨਲ ਡਿਵੈਲਪਮੈਂਟ ਡੇ (ਕੋਈ ਸਕੂਲ ਨਹੀਂ)

ਫਰਵਰੀ 16: ਲੂਈ ਰਿਲ ਡੇ (ਕੋਈ ਸਕੂਲ ਨਹੀਂ)

20 ਮਾਰਚ: ਜਸ਼ਨ/ਵਿਦਿਆਰਥੀ ਜਸ਼ਨ (ਕੋਈ ਸਕੂਲ ਨਹੀਂ)

30 ਮਾਰਚ ਤੋਂ 3 ਅਪ੍ਰੈਲ: ਸਪਰਿੰਗ ਬਰੇਕ (ਕੋਈ ਸਕੂਲ ਨਹੀਂ)

10 ਅਪ੍ਰੈਲ: ਡਿਵੀਜ਼ਨਲ ਪੀਡੀ ਦਿਵਸ (ਕੋਈ ਸਕੂਲ ਨਹੀਂ)

18 ਮਈ: ਵਿਕਟੋਰੀਆ ਦਿਵਸ (ਕੋਈ ਸਕੂਲ ਨਹੀਂ)

27-29 ਮਈ: ਪਾਰਕ ਵਿੱਚ ਆਰਟਸ

4 ਜੂਨ: ਡਿਵੀਜ਼ਨਲ ਗ੍ਰੇਡ ਪਾਓ ਵਾਹ

5 ਜੂਨ: ਡਿਵੀਜ਼ਨਲ ਪ੍ਰੋਫੈਸ਼ਨਲ ਡਿਵੈਲਪਮੈਂਟ ਡੇ (ਕੋਈ ਸਕੂਲ ਨਹੀਂ)

30 ਜੂਨ: ਡੇਰਨੀਏਰ ਜਰਨੀਏ ਡੀਕੋਲ/ ਸਕੂਲ ਦਾ ਆਖਰੀ ਦਿਨ

ਸਾਨੂੰ ਵਿਸ਼ਵਾਸ ਹੈ ਕਿ

ਈਕੋਲ ਟੈਂਪਲਟਨ ਵਿਖੇ, ਮਿਤੀਗੋਮਿਜ਼ (ਜੀਵਨ ਦੇ ਰੁੱਖ) ਵਾਂਗ,

(ਏਥੇ) ਹਰ ਕੋਈ ਸੰਬੰਧਿਤ ਹੈ;

ਹਮਦਰਦੀ ਨਾਲ਼, ਅਸੀਂ ਆਪਣੇ ਸੁੰਦਰ ਅਤੇ ਵਿਭਿੰਨ ਭਾਈਚਾਰਿਆਂ ਦਾ ਸੁਆਗਤ ਕਰਦੇ ਹਾਂ ਅਤੇ ਸਮਰਥਨ ਕਰਦੇ ਹਾਂ,

ਸਾਨੂੰ ਫ੍ਰੈਂਚ ਵਜੋਂ ਰਹਿਣ ਅਤੇ ਫ੍ਰੈਂਚ ਵਿੱਚ ਸਿੱਖਣ 'ਤੇ ਮਾਣ ਹੈ;

ਉੱਨ ਦੇ ਕਮਰਕੱਸੇ ਦੇ ਧਾਗਿਆਂ ਵਾਂਗ, ਅਸੀਂ ਇਕੱਠੇ ਬੁਣੇ ਹੋਏ ਹਾਂ, ਨਤੀਜੇ ਵਜੋਂ ਅਸੀਂ ਮਜ਼ਬੂਤ ਹਾਂ;

ਸਾਡੀਆਂ ਜੜ੍ਹਾਂ ਵਿੱਚ ਸੱਚਾਈ ਅਤੇ ਮੇਲ-ਮਿਲਾਪ ਪ੍ਰਤੀ ਆਪਣੀ ਜ਼ਿੰਮੇਵਾਰੀ ਹੈ

ਅਸੀਂ ਇੱਕ ਚੰਗਾ ਜੀਵਨ ਬਤੀਤ ਕਰ ਰਹੇ ਹਾਂ

ਸਿੱਖ ਰਹੇ ਹਾਂ, ਪਿਆਰ ਅਤੇ ਹਿੰਮਤ ਨਾਲ਼